# ਦੋਭਾਸ਼ੀਏ ਕੋਲੋਂ ਸਹਾਇਤਾ

ਕੀ ਤੁਹਾਨੂੰ ਬੈਂਕ ਦੇ ਕਰਮਚਾਰੀਆਂ ਨਾਲ ਗੱਲਬਾਤ ਕਰਨ ਵਿੱਚ ਮੁਸ਼ਕਿਲ ਹੋ ਰਹੀ ਹੈ? ਕੀ ਕਿਸੇ ਨਾਲ ਤੁਹਾਡੀ ਆਪਣੀ ਭਾਸ਼ਾ ਵਿੱਚ ਗੱਲ ਕਰਨਾ ਤੁਹਾਡੇ ਲਈ ਸੌਖਾ ਹੋਵੇਗਾ?

ਸਾਡੀ ਬੈਂਕ ਵਿੱਚ ਕਿਸੇ ਵੀ ਗਾਹਕ ਜਿਸ ਨੂੰ ਆਪਣੀ ਗੱਲ ਦੱਸਣ ਵਾਸਤੇ ਸਹਾਇਤਾ ਦੀ ਲੋੜ ਹੈ, ਉਸ ਲਈ ਸਾਡੇ ਕੋਲ ਮੁਫਤ ਦੋਭਾਸ਼ੀਆ ਸੇਵਾ ਹੈ

## ਦੋਭਾਸ਼ੀਆ ਕੌਣ ਹੋ ਸਕਦਾ ਹੈ?

ਦੋਭਾਸ਼ੀਆ ਇਹ ਹੋ ਸਕਦਾ ਹੈ:

- ਕੌਮਨਵੈਲਥ ਬੈਂਕ ਦਾ ਇਕ ਕਰਮਚਾਰੀ ਜੋ ਤੁਹਾਡੀ ਭਾਸ਼ਾ ਬੋਲ ਸਕਦਾ ਹੈ
- ਇਕ ਵਿਅਕਤੀ ਜੋ ਟਰਾਂਸਲੇਟਿੰਗ ਐਂਡ ਇੰਟਰਪਰੇਟਿੰਗ ਸਰਵਿਸ (TIS) ਵਿੱਚ ਕੰਮ ਕਰਦਾ ਹੈ।

ਕਈ ਵਾਰੀ ਦੋਸਤ, ਪਰਿਵਾਰ ਦਾ ਜੀਅ ਜਾਂ ਸਹਾਇਤਾ ਕਾਮਾ ਤੁਹਾਡੇ ਲਈ ਅਨੁਵਾਦ ਕਰ ਸਕਦਾ ਹੈ। ਉਹਨਾਂ ਦਾ 18 ਸਾਲ ਦੀ ਉਮਰ ਤੋਂ ਵੱਡਾ ਹੋਣਾ ਜ਼ਰੂਰੀ ਹੈ।

## ਇਹ ਕਿਵੇਂ ਕੰਮ ਕਰਦਾ ਹੈ?

ਗੱਲਬਾਤ ਕਰਨ ਜਾਂ ਫੋਨ ਕਰਨ ਲਈ ਬੈਂਕ ਕਰਮਚਾਰੀ ਤੁਹਾਨੂੰ ਇਕ ਨਿੱਜੀ ਕਮਰੇ ਵਿੱਚ ਲੈ ਜਾਵੇਗਾ। ਇਹ ਯਕੀਨੀ ਬਨਾਉਣ ਲਈ ਕਿ ਤੁਸੀਂ ਸਾਨੂੰ ਸਮਝਦੇ ਹੋ, ਅਤੇ ਅਸੀਂ ਤੁਹਾਨੂੰ ਸਮਝਦੇ ਹਾਂ, ਅਸੀਂ ਤੁਹਾਨੂੰ ਦੋਭਾਸ਼ੀਏ ਦੇ ਨਾਲ ਗੱਲਬਾਤ ਕਰਨ ਲਈ ਬਹੁਤ ਸਾਰਾ ਸਮਾਂ ਦੇਵਾਂਗੇ।

## ਦੋਭਾਸ਼ੀਏ ਨੂੰ ਵਰਤਣਾ ਕਿਉਂ ਮਹੱਤਵਪੂਰਣ ਹੈ?

ਦੋਭਾਸ਼ੀਏ ਨਵੀਂ ਸੇਵਾ ਜਾਂ ਉਤਪਾਦ ਦੀਆਂ ਸ਼ਰਤਾਂ, ਖਤਰੇ ਅਤੇ ਫਾਇਦੇ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਇਸ ਤੋਂ ਪਹਿਲਾਂ ਕਿ ਤੁਸੀਂ ਇਸ ਨਾਲ ਸਹਿਮਤ ਹੋਵੋ।

ਦੋਭਾਸ਼ੀਏ ਦੀ ਮਦਦ ਲੈਣ ਲਈ ਬੈਂਕ ਦੇ ਕਰਮਚਾਰੀ ਤੁਹਾਡੀ ਸਹਿਮਤੀ ਲਈ ਪੁੱਛਣਗੇ। ਸਹਿਮਤੀ ਦਾ ਮਤਲਬ ਤੁਸੀਂ ਹਾਂ ਕਹੋ।

ਤੁਸੀਂ ਬੈਂਕ ਵਿੱਚ ਦੋਭਾਸ਼ੀਏ ਨੂੰ ਮੁਫਤ ਵਰਤ ਸਕਦੇ ਹੋ, ਪਰੰਤੂ, ਲਿਖਤੀ ਜਾਣਕਾਰੀ ਦਾ ਅਨੁਵਾਦ ਦੂਸਰੀਆਂ ਭਾਸ਼ਾਵਾਂ ਵਿੱਚ ਕਰਵਾਉਣ ਲਈ ਜ਼ਰੂਰ ਭੁਗਤਾਨ ਕਰੋ। ਉਦਾਹਰਣ ਵਜੋਂ, ਇਕ ਕਿਤਾਬਚਾ